ਮੁਖਵਾਕ ਨੰਬਰ ੧੦੧ [ਆਦਿ ਅੰਗ ੬੯੧]

**ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥ ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥ ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥ ਹਨੂਮਾਨ ਸਰਿ ਗਰੁੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥ ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ ਕਮਲਾਪਤਿ ਕਵਲਾ ਨਹੀ ਜਾਨਾਂ ॥੩॥ ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥**

## ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥

ਇਹ ਸ਼ਬਦ ਧਨਾਸਰੀ ਰਾਗਣੀ ਵਿੱਚ ਭਗਤ ਕਬੀਰ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕੀਤਾ ਹੈ। ੧=ਅਦੁਤੀ ੴ=ਸਰਬ ਦਾ ਪ੍ਰਕਾਸ਼ ਰੂਪ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ। ਕਬੀਰ ਸਾਹਿਬ ਦੀ ਸੰਗਤ ਕਰਨ ਵਾਲੇ ਪ੍ਰੇਮੀਆਂ ਨੇ ਪ੍ਰਸ਼ਨ ਕੀਤਾ ਕਿ ਜੋ ਪ੍ਰਮੇਸ਼ਰ ਗੁਣਾਂ ਕਰਕੇ ਬੇਅੰਤ ਕਿਹਾ ਜਾਂਦਾ ਹੈ ਉਸਦੇ ਗੁਣਾਂ ਦਾ ਅੰਤ ਕਿਸੇ ਨੇ ਪਾਇਆ ਹੈ ਜਾਂ ਨਹੀਂ? ਤਾਂ ਪ੍ਰਮਾਣ ਦੇ ਕੇ ਸਮਝਾਉਂਦੇ ਹਨ।

## ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥

ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ। ਇਹ ਚਾਰੇ ਨਾਮ ਬ੍ਰਹਮਾ ਦੇ ਪੁੱਤਰਾਂ ਦੇ ਹਨ। ਪ੍ਰਮੇਸ਼ਰ ਦੇ ਜਸ ਗਾਇਨ ਕਰਨ ਵਿੱਚ ਸਮਾਨ=ਸਮਾ ਰਹੇ ਹਨ। ਮਹੇਸ=ਸ਼ਿਵਜੀ ਵੀ ਗਾਇਨ ਕਰਨ ਵਿੱਚ ਸਮਾ ਰਿਹਾ ਹੈ। ਸੇਖ=ਸ਼ੇਸ਼ ਨਾਗਿ ਵੀ ਗੁਣਾਂ ਨੂੰ ਗਾਇਨ ਕਰਨ ਵਿੱਚ ਸਮਾ ਰਿਹਾ ਹੈ। ਪਰ ਇਨ੍ਹਾਂ ਸਾਰਿਆਂ ਵਿੱਚੋਂ ਕਿਸੇ ਨੇ ਵੀ ਤੇਰੋ=ਤੇਰਾ ਮਰਮੁ=ਭੇਦ ਨਹੀਂ ਜਾਣਿਆ। ਅਥਵਾ-ਇਹਨਾਂ ਦੇ ਸਮਾਨਾਂ=ਸਮਾਨ ਹੋਰ ਭੀ ਵਸ਼ਿਸ਼ਟ ਆਦਿਕਾਂ ਨੇ ਵੀ ਤੇਰੇ ਗੁਣਾਂ ਦਾ ਅੰਤ ਨਹੀਂ ਪਾਇਆ।

ਯਥਾ— ੧. **ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥੨॥**
**ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨਾ ਪਾਵਉ ॥** [ਆਸਾ ਮਃ ੫, ਅੰਗ ੪੦੧]

੨. **ਸ਼ੇਸ਼ਨਾਗ ਸਿਰ ਸਹਸ ਬਨਾਈ॥ ਦ੍ਵੈਤ ਸਹੰਸ ਰਸਨਾਹ ਸੁਹਾਈ॥**
**ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ ਤਊ ਨ ਪਾਵਤ ਪਾਰਾ॥੬॥**
[ਦਸਮ ਗ੍ਰੰਥ ਬਚਿਤ੍ਰ ਨਾਟਕ, ਅੰਗ ੪੭]

ਉਸ ਵਾਹਿਗੁਰੂ ਪ੍ਰਮੇਸ਼ਰ ਦਾ ਅੱਜ ਤੱਕ ਕੋਈ ਅੰਤ ਨਹੀਂ ਪਾ ਸਕਿਆ ਨਾਹੀ ਕੋਈ ਪਾ ਸਕੇਗਾ। ਵਾਹਿਗੁਰੂ ਦੀ ਬਿਅੰਤਤਾ ਤੇ ਅਨੇਕਾਂ ਪ੍ਰਮਾਣ ਹਨ ਜੈਸਾ ਕਿ :—

ਯਥਾ— **ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥**
**ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥੧॥**
[ਰਾਮਕਲੀ ਮਃ ੫, ਅਮਗ ੮੯੪]

ਸੋ ਇਸ ਪ੍ਰਕਾਰ ਸੰਸਾਰ ਦੇ ਵਿੱਚ ਭਾਵੇਂ ਕੋਈ ਅਵਤਾਰ ਹੈ, ਭਾਵੇਂ ਕੋਈ ਰਿਸ਼ੀ, ਮੁਨੀ, ਪੈਕੰਬਰ, ਬ੍ਰਹਮਾ ਵੀ ਹੈ। ਇਹ ਸਭ ਉਸ ਪ੍ਰਮੇਸ਼ਰ ਦੀ ਬੇਅੰਤਤਾ ਨੂੰ ਜਾਣ ਨਹੀਂ ਸਕਦੇ।

ਪੈਕੰਬਰ ਮੁਹੰਮਦ ਸਾਹਿਬ ਜੀ ਜਦੋਂ ਇਸ ਮਾਤ ਲੋਕ ਵਿੱਚ ਆਪਣੇ ਪ੍ਰਵਿਰਤ ਕੀਤੇ ਮਤ ਦਾ ਪ੍ਰਚਾਰ ਕਰ

PDF created with pdfFactory Pro trial version www.pdffactory.com

ਰਹੇ ਸਨ ਤਾਂ ਇਕ ਸਮੇਂ ਉਹਨਾਂ ਨੂੰ ਇਹ ਹੰਕਾਰ ਹੋਇਆ ਕਿ ਜਾਂ ਤਾਂ ਇਕ ਮੈਂ ਹਾਂ ਜਾਂ ੧੪ ਤਬਕ ਹਨ ਹੋਰ ਕੋਈ ਚੀਜ਼ ਨਹੀਂ ਹੈ। ਜਿਵੇਂ ਬ੍ਰਹਮਾ ਨੇ ਵੀ ਮਾਣ ਕੀਤਾ ਸੀ ਕਿ ਜਾਂ ਮੈਂ ਹਾਂ ਜਾਂ ਇਹ ਕਵਲ ਹੈ ਹੋਰ ਕੋਈ ਚੀਜ ਨਹੀ। ਪਰ ਪ੍ਰਮੇਸ਼ਰ ਨੂੰ ਹੰਕਾਰ ਭਾਉਂਦਾ ਨਹੀ।

ਯਥਾ— **ਹਰਿ ਜੀਉ ਅਹੰਕਾਰੁ ਨ ਭਾਵਈ.........॥** [ਮਾਰੂ ਵਾਰ ਮਃ ੩, ਅੰਗ ੧੦੮੯]

ਇਸ ਲਈ ਬ੍ਰਹਮਾ ਨੂੰ ਤਾ ੩੬ ਜੁਗ ਕਵਲ ਦੀ ਨਾਲੀ ਵਿਚ ਗੁਜਾਰਨੇ ਪਏ ਤੇ ਫੇਰ ਪ੍ਰਮੇਸ਼ਰ ਦੀ ਮਹਿਮਾ ਕੀਤੀ ਤੇ ਬਾਹਰ ਆਇਆ।

ਯਥਾ— **"ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ॥**
[ਰਾਗੁ ਗੂਜਰੀ ਮਃ ੧, ਅੰਗ ੪੮੯]

ਪੈਗੰਬਰ ਸਾਹਿਬ ਦਾ ਵੀ ਅਹੰਕਾਰ ਨਵਿਰਤ ਕਰਨ ਲਈ ਅਕਾਲ ਪੁਰਖ ਨੇ ਇਕ ਮਾਇਕੀ ਕੌਤਕ ਰਚਿਆ। ਮੁਹੰਮਦ ਸਾਹਿਬ ਇਕ ਦਿਨ ਤੁਰੇ ਜਾ ਰਹੇ ਸਨ। ਇਸ ਰਸਤਾ ਪਾਰ ਕਰਨ ਲੱਗੇ। ਪ੍ਰੰਤੂ ਉਸ ਰਸਤੇ ਊਠਾਂ ਦੀ ਲਾਰ, ਪੰਗਤੀ ਲੰਘ ਰਹੀ ਸੀ। ਉਹਨਾਂ ਸੋਚਿਆ ਕਿ ਊਠ ਲੰਘ ਜਾਣ ਤਾਂ ਅਸੀਂ ਰਸਤਾ ਪਾਰ ਕਰਾਂਗੇ। ਕਾਫੀ ਸਮਾਂ ਖੜੇ ਰਹੇ ਪਰ ਊਠਾਂ ਦੀ ਪੰਗਤੀ ਮੁੱਕੇ ਹੀ ਨਾ ਇਹ ਵੇਖ ਕੇ ਬਹੁਤ ਹੈਰਾਨ ਹੋਏ ਇਤਨੇ ਸਮੇ ਨੂੰ ਜਬਰਾਈਲ ਫ਼ਰਿਸ਼ਤਾ ਆ ਗਿਆ ਤੇ ਪੁਛਿਆ ਮੁਹੰਮਦ ਸਾਹਿਬ! ਕੀ ਗਲ ਹੈ ਤੁਸੀਂ ਹੈਰਾਨ ਹੋਏ ਖੜੇ ਹੋ। ਮੁਹੰਮਦ ਜੀ ਨੇ ਕਿਹਾ ਮੈ ਇਸ ਸੜਕ ਨੂੰ ਪਾਰ ਕਰਨਾ ਸੀ, ਪਰ ਕਾਫੀ ਸਮਾਂ ਹੋਇਆ ਇਹ ਊਠ ਤੁਰੇ ਹੀ ਤੁਰੇ ਜਾਂਦੇ ਹਨ ਰਸਤਾ ਵੇਹਲਾ ਨਹੀਂ ਹੁੰਦਾ। ਇਸ ਲਈ ਮੈਂ ਅਸਚਰਜ ਹੋਇਆ ਖੜਾ ਹਾਂ। ਤਾਂ ਜਬਰਾਈਲ ਨੇ ਕਿਹਾ ਜਦੋਂ ਤੋਂ ਮੈਂ ਜੰਮਿਆ ਹਾਂ ਤੇ ਹੋਸ਼ ਸੰਭਾਲੀ ਹੈ ਉਸ ਤੋਂ ਪਹਿਲਾਂ ਤੋਂ ਇਹ ਊਠ ਤੁਰੇ ਜਾ ਰਹੇ ਹਨ। ਇਸੇ ਤਰਾਂ ਉਪਰ ਸੰਦੂਕ ਲੱਦੇ ਹੋਏ ਹੀ ਜਾਂਦੇ ਹਨ। ਸੁਣ ਕੇ ਮੁਹੰਮਦ ਸਾਹਿਬ ਜੀ ਨੇ ਪੁਛਿਆ ਇਹਨਾਂ ਵਿੱਚ ਕੀ ਹੈ ਤਾਂ ਜਬਰਾਇਲ ਨੇ ਉਤਰ ਦਿੱਤਾ ਕਿ ਮੈਨੂੰ ਤਾਂ ਪਤਾ ਨਹੀਂ ਆਪ ਵੇਖ ਲਉ। ਤਾਂ ਇਕ ਊਠ ਕਤਾਰ ਵਿਚੋਂ ਪਾਸੇ ਬਿਠਾ ਕੇ ਸੰਦੂਕ ਲਾਹ ਕੇ ਜੰਦਰਾ ਖੋਲਿਆ, ਜਿਸ ਦੀ ਚਾਬੀ ਭੀ ਨਾਲ ਹੀ ਸੀ। ਕੀ ਵੇਖਿਆ ਕਿ ਸੰਦੂਕ ਅੰਡਿਆਂ ਨਾਲ ਭਰਿਆ ਹੋਇਆ ਹੈ ਤੇ ਇਕ ਅੰਡਾ ਜਦੋਂ ਭੰਨਿਆ ਤਾਂ ਕੀ ਵੇਖਿਆ ਕਿ ਉਸ ਵਿਚ ੧੪ ਤਬਕ ਹਨ ਤੇ ਇਕ ਮੁਹੰਮਦ ਹੈ। ਇਕ ਤਗ੍ਹਾਂ ਦੋ ਤਿੰਨ ਅੰਡੇ ਭੰਨੇ ਤਾਂ ਇਸ ਤਰ੍ਹਾਂ ਉਹਨਾਂ ਵਿੱਚ ਭੀ ੧੪, ੧੪ ਤਬਕ ਤੇ ਇਕ-ਇਕ ਮੁਹੰਮਦ ਵੇਖਿਆ ਤਾਂ ਹੈਰਾਨ ਹੋ ਗਿਆ ਇਕ-ਇਕ ਅੰਡੇ ਵਿੱਚ ਸਾਰੀ ਸ੍ਰਿਸ਼ਟੀ ਹੈ ਤੇ ਇਕ ਸੰਦੂਕ ਵਿੱਚ ਕਿੰਨੇ ਹੀ ਅੰਡੇ ਹਨ। ਇਉਂ ਇਹ ਤਾਂ ਬੇਅੰਤ ਹੀ ਸ੍ਰਿਸ਼ਟੀਆਂ ਤੇ ਬੇਅੰਤ ਹੀ ਮੇਰੇ ਵਰਗੇ ਮੁਹੰਮਦ ਹਨ ਅਤੇ ਊਠਾਂ ਦਾ ਕੋਈ ਪਾਰਾਵਾਰ ਨਹੀਂ ਆਉਂਦਾ। ਇਹ ਕੌਤਕ ਵੇਖਕੇ ਪੈਕੰਬਰ ਸਾਹਿਬ ਜੀ ਦਾ ਹੰਕਾਰ ਨਵਿਰਤ ਹੋ ਗਿਆ ਹੈ ਤੇ ਹੱਥ ਜੋੜ ਪ੍ਰਮੇਸ਼ਰ ਅਗੇ ਬੇਨਤੀ ਕੀਤੀ ਕਿ ਤੋਬਾ ਖੁਦਾਉ! ਤੇਰੀ ਮਾਇਆ ਦਾ ਹੀ ਅੰਤ ਨਹੀ ਆਉਂਦਾ ਤਾਂ ਤੇਰਾ ਅੰਤ ਕਿਵੇਂ ਆ ਸਕਦਾ ਹੈ? ਜੋ ਤੇਰਾ ਅੰਤ ਲੈਣਾ ਚਾਹੁੰਦਾ ਹੈ ਉਹ ਮੂਰਖ ਹੈ। ਇਸ ਲਈ ਮੈਂ ਜੋ ਹੰਕਾਰ ਕੀਤਾ ਸੀ ਕਿ ਜਾਂ ੧੪ ਤਬਕ ਹਨ ਜਾਂ ਮੈਂ ਹਾਂ ਇਹ ਮੇਰੀ ਭੁਲ ਬਖਸ਼ੋ। ਇਹ ਕਹਿਕੇ ਊਠਾਂ ਦੀ ਪੰਗਤੀ ਵਿਚੋਂ ਲੰਘ ਗਏ।

ਸੋ ਇਸ ਪ੍ਰਕਾਰ ਹੋਰ ਤਾਂ ਕਿਸ ਨੇ ਅੰਤ ਕੀ ਪਉਣਾ ਹੈ ਬ੍ਰਹਮਾ ਵਰਗੇ ਜਾਂ ਸ਼ਿਵ ਜੀ ਵਰਗੇ ਬ੍ਰਹਮਾ ਦੇ ਪੁੱਤਰਾਂ ਵਰਗੇ ਜੋ ਮਹਾਨ ਤਪੱਸਵੀ ਹਨ ਅੰਤ ਨਹੀਂ ਪਾ ਸਕੇ। ਉਨ੍ਹਾਂ ਦੇ ਸਮਾਨ ਜੋ ਹੋਰ ਭੀ ਹੋਏ ਹਨ ਅੰਤ ਕੋਈ ਭੀ ਨਹੀਂ ਪਾ ਸਕਿਆ।

## ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥

ਮੈਂ ਸਤਸੰਗਤ ਕਰਕੇ ਸਾਰੇ ਰਮੇਂ ਹੋਏ [ਰਾਮੁ] ਨੂੰ ਹਿਰਦੇ ਵਿੱਚ ਵਸਾ ਲਿਆ ਹੈ, ਅਥਵਾ ਹੇ ਜਗਿਆਸੂ ਜਨ ਤੁਹਾਨੂੰ ਚਾਹੀਦਾ ਹੈ, ਸੰਤਾਂ ਦੀ ਸੰਗਤ ਵਿੱਚ ਮਿਲਕੇ ਰਾਮ ਨਾਮ ਨੂੰ ਹਿਰਦੇ ਵਿੱਚ ਵਸੌਣਾ ਕਰੋ।

ਯਥਾ— **ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ॥** [ਗਉੜੀ ਮਃ ੫, ਅੰਗ ੨੫੮]

PDF created with pdfFactory Pro trial version www.pdffactory.com